# ਦਫਤਰ ਜਿਲ੍ਹਾ ਸਿਖਿਆ ਅਫਸਰ (ਸੈ.ਸਿ) ਅੰਮ੍ਰਿਤਸਰ

*ਈ.ਮੇਲ:* deoseamritsar@gmail.com *ਫੋਨ ਅਤੇ ਫੈਕਸ ਨੰਬਰ:* 0183-2225896

ਵੱਲ

ਸਮੂਹ ਪ੍ਰਿੰਸੀਪਲ /ਮੁਖਅਧਿਆਪਕ,
ਸਰਕਾਰੀ ਸੀਨੀਅਰ ਸੈਕੰਡਰੀ / ਹਾਈ ਸਕੂਲ,
ਜਿਲਾ ਅੰਮ੍ਰਿਤਸਰ।
ਮੀਮੋ ਨੰ: ਸਟੈਨੋ-ਜਿਸਿਅ/2016-ਗੁਪਤ ਰਿਪੋਰਟਾ-1012
ਮਿਤੀ 18-08-16

ਵਿਸ਼ਾ: **ਮੁਖੀਆਂ ਦੀ ਸਾਲ 2015-16 ਦੀਆਂ ਸਲਾਨਾ ਗੁਪਤ ਰਿਪੋਰਟਾਂ ਨਵੇ ਪ੍ਰੋਫਾਰਮੇ ਤੇ ਭੇਜਣ ਬਾਰੇ।**

ਹਵਾਲਾ: **ਡਾਇਰੈਕਟਰ ਜਨਰਲ ਸਕੂਲ ਸਿਖਿਆ ਪੰਜਾਬ ਜੀ ਦੇ ਪੱਤਰ ਨੰ: ਡੀ.ਜੀ.ਐਸ.ਈ/ਜਨਰਲ/ਏ.ਸੀ.ਆਰ/2016-17/11258 ਮਿਤੀ 01-08-16 ਅਤੇ ਡਾਇਰੈਕਟਰ ਸਿਖਿਆ ਵਿਭਾਗ (ਸੈ.ਸਿ), ਪੰਜਾਬ ਜੀ ਦੇ ਪਿੱਠ ਅੰਕਣ ਨੰ: 10/254-16-(ਸੈ.ਸਿ)(6) ਮਿਤੀ 01-08-16 ਦੇ ਸਬੰਧ ਵਿਚ ।**

ਇਸ ਦਫਤਰ ਦੇ ਪੱਤਰ ਨੰ: ਸਟੈਨੋ-ਜਿਸਿਅ/2016-ਗੁਪਤ ਰਿਪੋਰਟਾਂ-802 ਮਿਤੀ 25-05-16 ਦੀ ਲਗਾਤਾਰਤਾ ਵਿਚ ਹਵਾਲਾ ਅਧੀਨ ਪੱਤਰ ਮੁਤਾਬਕ ਮੁਖੀਆਂ ਦੀ ਸਲਾਨਾ ਮੁਲਾਂਕਣ ਰਿਪੋਰਟ (ਏ.ਸੀ.ਆਰ) ਸਬੰਧੀ ਨਵਾਂ ਪ੍ਰੋਫਾਰਮਾ ਸਰਕਾਰ ਦੀ ਪ੍ਰਵਾਨਗੀ ਉਪਰੰਤ ਨਾਲ ਨੱਥੀ ਕਰਕੇ ਭੇਜਦੇ ਹੋਏ ਲਿਖਿਆ ਜਾਂਦਾ ਹੈ ਕਿ ਸਮੂਹ ਸਕੂਲ ਮੁਖੀ ਇਸ ਨਵੇ ਪ੍ਰੋਫਾਰਮੇ ਮੁਤਾਬਕ ਆਪਣੀ ਗੁਪਤ ਰਿਪੋਰਟ **ਸਾਲ 2015-16** ਦੀਆਂ ਸਲਾਨਾ ਗੁਪਤ ਰਿਪੋਰਟਾਂ 6 ਪੜਤਾ ਵਿਚ ਦਰਜ਼ ਕਰਕੇ ਹਰ ਹਾਲਤ ਵਿਚ **ਮਿਤੀ 31-08-16** ਤੱਕ ਫਾਈਲ ਵਿਚ ਭੇਜ ਦਿੱਤੀਆ ਜਾਣ, ਗੁਪਤ ਰਿਪੋਰਟ ਦੇ ਨਾਲ ਆਪ ਵਲੋ ਸਾਲ ਦੋਰਾਨ ਕੀਤੀਆ ਗਈਆ ਪ੍ਰਾਪਤੀਆ ਦਾ ਵੇਰਵਾ ਜ਼ਰੂਰ ਦਰਜ ਹੋਣਾ ਚਾਹੀਦਾ ਹੈ, ਅਤੇ ਇਸ ਦੇ ਨਾਲ ਹੀ ਕੰਪਿਊਟਰ ਦੀ ਜਾਣਕਾਰੀ ਹੋਣ ਸਬੰਧੀ ਸਰਟੀਫਿਕੇਟ ਜਰੂਰ ਨਾਲ ਨੱਥੀ ਕੀਤਾ ਜਾਵੇ। ਗੁਪਤ ਰਿਪੋਰਟਾਂ ਨਾਲ ਅਮੁੱਖ ਪੱਤਰ ਜ਼ਰੂਰ ਲਗਾਇਆ ਜਾਵੇ। ਜੋ ਵੇਰਵੇ ਦਰਜ ਕੀਤੇ ਜਾਣ ਉਸ ਵਿਚ ਕੰਮ ਕਿਸ ਸਰੋਤ ਤੋ ਕਰਵਾਇਆ ਗਿਆ ਹੈ, ਬਾਰੇ ਜ਼ਰੂਰ ਸਪਸਟ ਕੀਤਾ ਜਾਵੇ। ਗੁਪਤ ਰਿਪੋਰਟ ਲੀਗਲ ਪੇਜ ਦੇ ਦੋਨੇ ਪਾਸੇ ਪ੍ਰਿੰਟਡ ਪ੍ਰੋਫਾਰਮੇ ਤੇ ਰਿਜਲਟ ਹੇਠਾਂ ਆਪ ਦੇ ਸਕੂਲ ਦੀ ਪੰਜਾਬੀ ਵਾਲੀ ਮੋਹਰ ਸਮੇਤ ਦਸਤਖਤ ਕਰਕੇ ਇਸ ਦਫਤਰ ਨੂੰ ਪੁਜਦੀਆ ਕਰਨਾ ਯਕੀਨੀ ਬਣਾਇਆ ਜਾਵੇ। ਜਿਸ ਸਕੂਲ ਵਿਚੋ ਇਸ ਸਮੇ ਦੋਰਾਨ ਕੋਈ ਮੁਖੀ ਰਿਟਾਇਰ ਹੋ ਚੁਕਿਆ ਹੈ ਤਾਂ ਉਸ ਦੀ ਗੁਪਤ ਰਿਪੋਰਟ ਵੀ ਉਸ ਸਕੂਲ ਵਲੋ ਹੀ ਭੇਜਣੀ ਲਾਜਮੀ ਹੋਵੇਗੀ। ਇਸ ਦੇ ਨਾਲ ਹੀ ਮੁਖੀ ਰਿਜਲਟਾਂ ਨੂੰ ਡੀਲ ਕਰਨ ਵਾਲੇ ਅਧਿਆਪਕ ਤੋ ਰਿਜਲਟ ਜ਼ਰੂਰ ਵੈਰੀਫਾਈ ਕਰਵਾਉਣਗੇ। ਵੈਰੀਫਾਈ ਕਰਨ ਵਾਲੇ ਅਧਿਆਪਕ ਦਾ ਅਹੁੱਦਾ ਜਰੂਰ ਦਰਸਾਇਆ ਜਾਵੇ। ਜੇਕਰ ਆਪ ਵਲੋ ਬੋਰਡ ਦੀ ਕਲਾਸ ਨਹੀ ਲਈ ਗਈ ਤਾਂ ਇਹ ਨੋਟ ਜ਼ਰੂਰ ਦਿੱਤਾ ਜਾਵੇ ਕਿ ਬੋਰਡ ਦੀ ਕਲਾਸ ਨਹੀ ਲਈ ਗਈ। ਉਪਰ ਦਿੱਤੀ ਹੋਈ ਮਿਤੀ ਤੱਕ ਆਪ ਦੀ ਗੁਪਤ ਰਿਪੋਰਟ ਇਸ ਦਫਤਰ ਦੇ ਸਟੈਨੋ ਪਾਸ ਹਰ ਹਾਲਤ ਵਿਚ ਪੁਜ ਜਾਣੀ ਚਾਹੀਦੀ ਹੈ। ਕਿਉ ਕਿ ਗੁਪਤ ਰਿਪੋਰਟਾਂ ਪਹਿਲਾਂ ਹੀ ਕਾਫੀ ਲੇਟ ਹੋ ਚੁਕੀਆ ਹਨ। ਇਸ ਵਿਚ ਕਿਸੇ ਕਿਸਮ ਦੀ ਕੀਤੀ ਗਈ ਦੇਰੀ ਦੀ ਜਿੰਮੇਵਾਰੀ ਮੁਖੀ ਦੀ ਨਿੱਜੀ ਹੋਵੇਗੀ। **ਸਾਲ 2015-16** ਦੇ ਵਿਸ਼ਾ ਵਾਈਜ਼ ਅਤੇ ਜਨਰਲ ਨਤੀਜੇ ਪਹਿਲਾਂ ਹੀ ਆਪ ਨੂੰ ਪਹਿਲਾਂ ਹੀ ਵੈਬ ਸਾਈਟ ਰਾਹੀ ਭੇਜੇ ਜਾ ਚੁੱਕੇ ਹਨ।

ਜ਼ਿਲਾ ਸਿਖਿਆ ਅਫਸਰ (ਸੈ.ਸਿ),
ਅੰਮ੍ਰਿਤਸਰ।